BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਦੇ ਸੰਗਠਨ, ਕੰਪਲੀਮੈਂਟਰੀ ਰਿਕ ਹੈਨਸਨ ਫਾਊਂਡੇਸ਼ਨ ਐਕਸੈਸੀਬਿਲਿਟੀ ਸਰਟੀਫਿਕੇਸ਼ਨ ਰੇਟਿੰਗ ਲਈ ਅਰਜ਼ੀ ਦੇ ਸਕਦੇ ਹਨ

ਬ੍ਰੈਂਪਟਨ, ਓਨਟੈਰੀਓ (11 ਮਾਰਚ, 2020) – ਬ੍ਰੈਂਪਟਨ ਨੂੰ ਓਨਟੈਰੀਓ ਦੀਆਂ ਉਹਨਾਂ ਦਸ ਮਿਊਨਿਸਿਪਲਟੀਜ ਵਿੱਚੋਂ ਇੱਕ ਦੇ ਤੌਰ ਤੇ ਚੁਣਿਆ ਗਿਆ ਹੈ, ਜਿੱਥੇ ਸਥਾਨਕ ਸੰਗਠਨ ਕੰਪਲੀਮੈਂਟਰੀ ਰਿਕ ਹੈਨਸਨ ਫਾਊਂਡੇਸ਼ਨ ਐਕਸੈਸੀਬਿਲਿਟੀ ਸਰਟੀਫਿਕੇਸ਼ਨ (ਆਰ.ਐਚ.ਐਫ.ਏ.ਸੀ.) (Rick Hansen Foundation Accessibility Certification) (RHFAC) ਵਾਸਤੇ ਅਰਜ਼ੀ ਦੇਣ ਲਈ ਯੋਗ ਹੁੰਦੇ ਹਨ। ਇਹ ਇੱਕ ਅਜਿਹਾ ਪ੍ਰੋਗਰਾਮ ਹੈ, ਜੋ ਰੇਟਿੰਗ ਦਿੰਦਾ ਹੈ ਕਿ ਅਪਾਹਜਪੁਣੇ ਵਾਲੇ ਲੋਕਾਂ ਲਈ ਬਿਲਡਿੰਗਾਂ ਕਿੰਨੀਆਂ ਪਹੁੰਚਯੋਗ ਹਨ।

ਸਿਟੀ ਦੇ ਗੈਰ-ਲਾਭ, ਜਨਤਕ ਅਤੇ ਨਿੱਜੀ ਸੰਗਠਨਾਂ ਨੂੰ ਮੁਫ਼ਤ ਆਰ.ਐਚ.ਐਫ.ਏ.ਸੀ. (RHFAC) ਰੇਟਿੰਗ ਦਾ ਫਾਇਦਾ ਉਠਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਤਾਂ ਜੋ ਉਹ ਆਪਣੀ ਬਿਲਡਿੰਗ ਦੇ ਪਹੁੰਚਯੋਗਤਾ ਪੱਧਰ ਨੂੰ ਬਿਹਤਰ ਢੰਗ ਨਾਲ ਸਮਝ ਸਕਣ ਅਤੇ ਸੁਧਾਰ ਕਰਨ ਦੇ ਤਰੀਕਿਆਂ ਦੀ ਪਛਾਣ ਕਰ ਸਕਣ। ਕਾਫੀ ਉੱਚੀ ਰੇਟਿੰਗ ਪ੍ਰਾਪਤ ਕਰਨ ਵਾਲੀਆਂ ਬਿਲਡਿੰਗਾਂ, ਰਿਕ ਹੈਨਸਨ ਫਾਊਂਡੇਸ਼ਨ ਐਕਸੈਸੀਬਿਲਿਟੀ ਸਰਟੀਫਾਈਡ (Rick Hansen Foundation Accessibility Certified) ਜਾਂ ਐਕਸੈਸੀਬਿਲਿਟੀ ਸਰਟੀਫਾਈਡ ਗੋਲਡ (Accessibility Certified Gold) ਬਣਨਗੀਆਂ।

ਨਵੇਂ ਕੰਪਲੀਮੈਂਟਰੀ ਆਰ.ਐਚ.ਐਫ.ਏ.ਸੀ. ਪ੍ਰੋਗਰਾਮ ਦੀ ਫੰਡਿੰਗ, ਰਿਕ ਹੈਨਸਨ ਫਾਊਂਡੇਸ਼ਨ ਦੀ ਭਾਈਵਾਲੀ ਵਿੱਚ ਓਨਟੈਰੀਓ ਸਰਕਾਰ (Government of Ontario) ਵੱਲੋਂ ਕੀਤੀ ਜਾਂਦੀ ਹੈ। ਇਸਦਾ ਟੀਚਾ ਭਾਈਚਾਰਿਆਂ ਨੂੰ ਵੱਧ ਪਹੁੰਚਯੋਗ ਬਣਾਉਣਾ ਹੈ। ਬ੍ਰੈਂਪਟਨ ਦੀ ਚੋਣ, ਇਸਦੀ ਅਬਾਦੀ ਅਤੇ ਭੂਗੋਲਿਕ ਵੰਨ-ਸੁਵੰਨਤਾ ਕਰਕੇ ਕੀਤੀ ਗਈ ਸੀ। ਬ੍ਰੈਂਪਟਨ ਵਿੱਚ ਲਗਭਗ 25 ਥਾਵਾਂ, ਆਰ.ਐਚ.ਐਫ.ਏ.ਸੀ. ਰੇਟਿੰਗਸ ਲਈ ਯੋਗ ਹੋਣਗੀਆਂ। ਸੰਗਠਨਾਂ ਲਈ 27 ਮਾਰਚ ਤੱਕ www.rickhansen.com/freerating ਤੇ ਅਰਜ਼ੀ ਦੇਣਾ ਲਾਜ਼ਮੀ ਹੈ।

ਆਰ.ਐਚ.ਐਫ.ਏ.ਸੀ. ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ।

**ਝਲਕੀਆਂ**

- ਜਿਹਨਾਂ ਸੰਗਠਨਾਂ ਨੂੰ ਆਰ.ਐਚ.ਐਫ.ਏ.ਸੀ. ਪ੍ਰੋਗਰਾਮ ਰਾਹੀਂ ਰੇਟਿੰਗ ਦਿੱਤੀ ਜਾਵੇਗੀ, ਉਹਨਾਂ ਨੂੰ ਸਕੋਰਕਾਰਡ ਅਤੇ ਸਫਲਤਾ ਦੇ ਮੁੱਖ ਖੇਤਰਾਂ ਅਤੇ ਉਹਨਾਂ ਦੀ ਥਾਂ ਵਾਸਤੇ ਸੁਧਾਰ ਦੀ ਰਿਪੋਰਟ ਮਿਲੇਗੀ।
- ਸਿਟੀ ਆਫ ਬ੍ਰੈਂਪਟਨ ਦੀ ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ (Accessibility Advisory Committee), ਜਿਸ ਵਿੱਚ ਨਾਗਰਿਕ ਸਦੱਸ ਹਨ, ਮਈ ਦੇ ਅੰਤ/ਜੂਨ ਦੇ ਸ਼ੁਰੂ ਵਿੱਚ, ਆਰ.ਐਚ.ਐਫ.ਏ.ਸੀ. ਪ੍ਰੋਗਰਾਮ ਦੀਆਂ ਸਾਰੀਆਂ ਅਰਜ਼ੀਆਂ ਦੀ ਸਮੀਖਿਆ ਕਰੇਗੀ। ਬਿਨੈਕਾਰਾਂ ਨੂੰ 3 ਜੁਲਾਈ, 2020 ਤੱਕ ਸੂਚਿਤ ਕੀਤਾ ਜਾਏਗਾ ਕਿ ਉਹਨਾਂ ਦੀ ਅਰਜ਼ੀ ਸਫਲ ਹੋਈ ਸੀ ਜਾਂ ਨਹੀਂ।
- ਸਿਟੀ ਆਫ ਬ੍ਰੈਂਪਟਨ ਅਤੇ ਇਸਦੀ ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ (Accessibility Advisory Committee) ਇਹ ਯਕੀਨੀ ਬਣਾਉਣ ਲਈ ਸਮਰਪਿਤ ਹਨ ਕਿ ਹਰ ਉਮਰ ਅਤੇ ਯੋਗਤਾਵਾਂ ਵਾਲੇ ਲੋਕਾਂ ਨੂੰ, ਬ੍ਰੈਂਪਟਨ ਵਿੱਚ ਰਹਿਣ, ਖੇਡਣ, ਘੁੰਮਣ ਅਤੇ ਨਿਵੇਸ਼ ਕਰਨ ਦੇ ਇੱਕੋ ਜਿਹੇ ਮੌਕੇ ਮਿਲਦੇ ਹਨ।

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

**ਹਵਾਲੇ**

"ਬ੍ਰੈਂਪਟਨ ਇੱਕ ਮੋਜੈਕ ਹੈ। ਸਿਟੀ ਵਿੱਚ ਅਸੀਂ ਅਪਾਹਜਪੁਣੇ ਵਾਲੇ ਲੋਕਾਂ ਲਈ ਰੁਕਾਵਟਾਂ ਦੂਰ ਕਰਨ ਅਤੇ ਸਾਡੇ ਵੰਨ-ਸੁਵੰਨੇ ਭਾਈਚਾਰੇ ਵਿੱਚ ਪਹੁੰਚਯੋਗਤਾ ਨੂੰ ਵਧਾਉਣ ਦੇ ਮੌਕਿਆਂ ਨੂੰ ਪਛਾਣਨ ਲਈ ਵਚਨਬੱਧ ਹਾਂ। ਮੈਂ ਬੇਹੱਦ ਖੁਸ਼ ਹੈ ਕਿ ਬ੍ਰੈਂਪਟਨ ਦੀ ਚੋਣ ਆਰ.ਐਚ.ਐਫ.ਏ.ਸੀ. ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਕੀਤੀ ਗਈ ਸੀ। ਮੈਂ ਸਥਾਨਕ ਸੰਗਠਨਾਂ ਨੂੰ ਉਤਸ਼ਾਹਿਤ ਕਰਦਾ ਹਾਂ ਕਿ ਉਹ ਇਸ ਵਿੱਚ ਹਿੱਸਾ ਲੈਣ ਅਤੇ ਸਾਡੇ ਸ਼ਹਿਰ ਨੂੰ ਸਾਰਿਆਂ ਲਈ ਵੱਧ ਪਹੁੰਚਯੋਗ ਬਣਾਉਣ ਵਿੱਚ ਸਾਡੀ ਮਦਦ ਕਰਨ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ ਵਿੱਚ ਕਾਉਂਸਿਲ ਦਾ ਪ੍ਰਤੀਨਿਧੀ ਹੋਣ ਦੇ ਤੌਰ ਤੇ, ਮੈਨੂੰ ਮਾਣ ਹੈ ਕਿ ਅਸੀਂ ਬ੍ਰੈਂਪਟਨ ਨੂੰ ਹਰ ਉਮਰ ਅਤੇ ਯੋਗਤਾਵਾਂ ਵਾਲੇ ਲੋਕਾਂ ਲਈ ਵੱਧ ਪਹੁੰਚਯੋਗ ਬਣਾਉਣ ਵਾਸਤੇ ਭਾਈਚਾਰੇ ਦੇ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ਮੈਂ ਹਰ ਤਰ੍ਹਾਂ ਦੇ ਸੰਗਠਨਾਂ ਨੂੰ ਉਤਸ਼ਾਹਿਤ ਕਰਦਾ ਹਾਂ ਕਿ ਉਹ ਆਰ.ਐਚ.ਐਫ.ਏ.ਸੀ. ਰੇਟਿੰਗ ਪ੍ਰਾਪਤ ਕਰਨ ਦੇ ਇਸ ਮੁਫ਼ਤ ਮੌਕੇ ਦਾ ਫਾਇਦਾ ਉਠਾਉਣ। ਰੁਕਾਵਟਾਂ ਨੂੰ ਦੂਰ ਕਰਕੇ, ਸਾਡਾ ਸ਼ਹਿਰ ਸਾਰਿਆਂ ਲਈ ਵੱਧ ਸ਼ਮੂਲੀਅਤ ਵਾਲਾ ਅਤੇ ਪਹੁੰਚਯੋਗ ਬਣ ਜਾਵੇਗਾ। ਇਸ ਨਾਲ ਅਪਾਹਜਪੁਣਿਆਂ ਵਾਲੇ ਲੋਕ ਸਾਡੇ ਭਾਈਚਾਰੇ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋ ਸਕਣਗੇ।"

- *ਪੈਟ ਫੋਰਟਿਨੀ (Pat Fortini), ਰੀਜਨਲ ਕਾਉਂਸਲਰ, ਵਾਰਡਸ 7 ਅਤੇ 8; ਮੈਂਬਰ, ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ; ਮੈਂਬਰ, ਰੀਜਨ ਆਫ ਪੀਲ ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ*

"ਓਨਟੈਰੀਓ ਸਰਕਾਰ ਵੱਲੋਂ ਖੁੱਲ੍ਹਦਿਲੀ ਵਾਲੀ ਇਹ ਫੰਡਿੰਗ, ਕਈ ਸੰਗਠਨਾਂ ਨੂੰ ਉਹਨਾਂ ਦੀ ਬਿਲਡਿੰਗ ਦੀ ਪਹੁੰਚਯੋਗਤਾ ਨੂੰ ਸਮਝਣ ਅਤੇ ਪ੍ਰਦਰਸ਼ਿਤ ਕਰਨ ਵਿੱਚ ਸਮਰੱਥ ਬਣਾਵੇਗੀ। ਇਹ ਨਿਰਮਿਤ ਵਾਤਾਵਰਣ ਦੇ ਸਬੰਧ ਵਿੱਚ ਉਹਨਾਂ ਦੀਆਂ ਭਵਿੱਖੀ ਪਹੁੰਚਯੋਗਤਾ ਯੋਜਨਾਵਾਂ ਬਾਰੇ ਸੂਚਿਤ ਕਰਨ ਵਿੱਚ ਮਦਦ ਕਰੇਗੀ। ਸੰਗਠਨਾਂ ਵਾਸਤੇ ਇਹ ਇੱਕ ਸ਼ਾਨਦਾਰ ਮੌਕਾ ਹੈ, ਜਿਸ ਵਿੱਚ ਉਹ ਓਨਟੈਰੀਓ ਨੂੰ ਹਰ ਉਮਰ ਦੇ ਲੋਕਾਂ ਲਈ ਅਤੇ ਅਪਾਹਜਪੁਣੇ ਵਾਲੇ ਲੋਕਾਂ ਦੀ ਵਧਦੀ ਅਬਾਦੀ ਲਈ ਵੱਧ ਸ਼ਮੂਲੀਅਤ ਵਾਲਾ ਬਣਾਉਣ ਵਿੱਚ ਮਦਦ ਕਰ ਸਕਦੇ ਹਨ।"

- *ਬ੍ਰੈਡ ਮੈਕੈਨਲ (Brad McCannell), ਵਾਈਸ ਪ੍ਰੈਜੀਡੈਂਟ, ਐਕਸੈਸ ਐਂਡ ਇਨਕਲੂਜਨ, ਰਿਕ ਹੈਨਸਨ ਫਾਊਂਡੇਸ਼ਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca